# ਵਿਦਵਤਾ ਦਾ ਭੂਤ

*-ਇੰਦਰਜੀਤ ਸਿੰਘ ਗੋਗੋਆਣੀ*

ਕੋਈ ਸ਼ਖ਼ਸ ਟਿੰਡ 'ਚ ਕਾਨਾ ਪਾਈ ਬੈਠਾ ਹੋਵੇ ਤਾਂ ਉਹਦਾ ਮਸਲਾ ਹੱਲ ਹੋ ਸਕਦਾ ਐ, ਪਰ ਜੇ ਕੋਈ ਕਾਨੇ 'ਚ ਟਿੰਡ ਫਸਾਈ ਬੈਠਾ ਹੋਵੇ ਤਾਂ ਹੱਲ ਕੋਈ ਨਹੀਂ ਹੁੰਦਾ। ਪੰਜਾਬੀ ਦਾ ਅਖਾਣ ਐ ਕਿ, 'ਆਪਣੀ ਅਕਲ ਤੇ ਪਰਾਇਆ ਧਨ ਹਮੇਸ਼ਾਂ ਬਹੁਤਾ ਲੱਗਦਾ।' ਏਸੇ ਤਰ੍ਹਾਂ ਰੰਗ ਬਿਰੰਗੇ ਸੰਸਾਰ 'ਚ ਰੰਗ ਬਿਰੰਗੇ ਭੂਤ ਐ। ਇਕ 'ਭੂਤ ਕਾਲ' ਬੀਤਿਆ ਹੋਇਆ ਸਮਾਂ, ਇਕ ਮਾਨਸਿਕ ਰੋਗੀਆਂ ਨੂੰ ਵੀ ਹਿੰਦੁਸਤਾਨੀ ਭੂਤ ਚੰਬੜਨਾ ਕਹਿੰਦੇ ਐ। ਇਹ ਭੂਤ ਓਨਾ ਖ਼ਤਰਨਾਕ ਨਹੀਂ, ਜਿੰਨਾ ਭੂਤ ਖ਼ਤਰਨਾਕ ਐ ਫੈਸ਼ਨ ਦਾ ਭੂਤ, ਦਾਜ ਦਾ ਭੂਤ, ਨਸ਼ਿਆਂ ਦਾ ਭੂਤ, ਲੀਡਰੀ ਦਾ ਭੂਤ, ਪ੍ਰਧਾਨਗੀ ਦਾ ਭੂਤ। ਏਸੇ ਤਰ੍ਹਾਂ ਦੇ ਭੂਤਾਂ 'ਚੋਂ ਇਕ ਭੂਤ ਹੁੰਦਾ 'ਵਿਦਵਤਾ ਦਾ ਭੂਤ'।

ਸੌ ਸਿਆਣਿਆਂ ਦਾ ਇਕੋ ਮੱਤ, 'ਵਿਦਵਤਾ' ਤੇ 'ਵਿਦਵਤਾ ਦੇ ਭੂਤ' 'ਚ ਬਹੁਤ ਅੰਤਰ ਹੈ। ਬਸ ਇਉਂ ਜਿਵੇਂ ਕੋਈ ਪਿੰਡ ਆਲਿਆਂ ਨੂੰ ਠੰਢ ਤੋਂ ਬਚਾਉਣ ਲਈ ਲੋਹੜੀ ਬਾਲ ਦੇਵੇ ਤੇ ਦੂਜੇ ਪਾਸੇ ਕੋਈ ਪਿੰਡ ਨੂੰ ਈ ਅੱਗ ਲਾ ਕੇ ਕਹੇ ਕੇ ਵੇਖੋ ਅਸੀਂ ਵੀ ਲੋਹੜੀ ਬਾਲੀ ਐ। ਜਾਂ ਇੰਝ ਕਹਿ ਲਵੋ ਕਿ 'ਵਿਦਵਤਾ' ਸ਼ਾਂਤ ਪਾਣੀਆਂ ਵਰਗੀ ਹੁੰਦੀ ਐ ਤੇ 'ਵਿਦਵਤਾ ਦਾ ਭੂਤ' ਹੜ੍ਹ ਦੇ ਪਾਣੀਆਂ ਵਰਗਾ ਹੁੰਦਾ ਹੈ। ਜੋ ਵਿਦਵਤਾ ਅਨੁਸਾਰ ਚੱਲੇ ਉਹਨਾਂ ਨੇ ਗੁਰਮਤਿ ਦੇ ਪ੍ਰਚਾਰ ਤੇ ਪਾਸਾਰ ਲਈ ਵੱਡੇ ਕਾਰਜ ਕੀਤੇ ਹਨ ਤੇ ਜਿਨ੍ਹਾਂ ਨੂੰ......ਭੂਤ ਸਵਾਰ ਹੋ ਗਿਆ ਉਹਨਾਂ ਨੇ ਹਮੇਸ਼ਾਂ ਕਾਨੇ 'ਚ ਟਿੰਡ ਫਸਾ ਛੱਡੀ ਐ। ਏਸੇ ਲਈ ਖ਼ਾਲਸਾ ਪੰਥ ਦੀ ਸਿਧਾਂਤਕ ਚਰਚਾ ਦਾ ਟਿੰਡ 'ਚ ਕਾਨਾ ਪਿਆ ਈ ਰਹਿੰਦਾ ਐ। ਸਾਡੀ ਕੁੱਕੜ ਖੋਹ 'ਚ ਦੇਹਧਾਰੀ ਗੁਰੂ ਡੰਮ੍ਹ, ਅੰਧ ਵਿਸ਼ਵਾਸ ਤੇ ਭਰਮਾਂ-ਪਖੰਡਾਂ ਦਾ ਜਾਲ ਵੱਡੇ ਪੱਧਰ 'ਤੇ ਵਿਛ ਚੁੱਕਾ ਐ ਤੇ ਅਸੀਂ ਅੰਨ੍ਹੇ ਸਿਪਾਹੀ ਵਾਂਗ ਚੋਰ ਫੜਨ ਦੀ ਥਾਂ ਆਪਣੇ ਬਾਪੂ ਦਾ ਈ ਸਿਰ ਪਾੜ ਕੇ ਲਲਕਾਰੇ ਮਾਰੀ ਜਾਨੇ ਆਂ।

ਖੈਰ, ਸਾਡੀ ਅਸਲ ਗੱਲ ਵੀ ਕੰਵਲੀ ਵਾਂਗੂੰ ਸਿਵਿਆਂ ਦੇ ਰਾਹ ਨਾ ਪੈ ਜਾਏ। ਕਹਿੰਦੇ 'ਦੁੱਲੇ' ਨੇ ਆਪਣੇ ਉਸਤਾਦ ਨੂੰ ਪੁੱਛਿਆ ਕਿ ਮਸ਼ਹੂਰੀ ਕਿਵੇਂ ਮਿਲਦੀ ਐ? ਉਸਤਾਦ ਕਹਿੰਦਾ ਜਾਂ ਚੰਗਾ ਕੰਮ ਕਰਕੇ ਜਾਂ ਬੁਰਾ ਕਰਕੇ, ਪਰ ਚੰਗੇ ਕੰਮ ਨਾਲ ਸਮਾਂ ਲੱਗਦਾ ਐ ਤੇ ਬੁਰੇ ਨਾਲ ਝੱਟ ਮਿਲ ਜਾਂਦੀ ਐ। ਕਹਿੰਦੇ ਨੇ ਸੁਣਦਿਆਂ ਸਾਰ ਦੁੱਲੇ ਨੇ ਉਸਤਾਦ ਕੁੱਟ ਸੁੱਟਿਆ ਤੇ ਝੱਟ ਸਾਰੇ ਪਿੰਡ 'ਚ ਦੁੱਲਾ ਦੁੱਲਾ ਹੋ ਗਈ, ਭਾਵੇਂ ਇਹ ਦੁਰੇ ਦੁਰੇ ਵਰਗੀ ਸੀ।

ਇਸ ਸਮੇਂ ਦੁੱਲੇ ਵਾਂਗ ਸਾਡੇ ਵੀ ਕੁਝ ਸਿੱਖ ਵਿਦਵਾਨਾਂ ਨੂੰ ਇਕ ਭੂਤ ਸਵਾਰ ਹੋ ਗਿਆ ਕਿ ਖ਼ਾਲਸਾ ਪੰਥ ਜਾਂ ਗੁਰਮਤਿ ਸਿਧਾਂਤਾਂ ਵਿੱਚੋਂ ਕੋਈ ਨੁਕਸ ਕੱਢੀਏ, ਚਰਚਾ ਛੇੜੀਏ ਤਾਂ ਮਸ਼ਹੂਰੀ ਹੋ ਸਕਦੀ ਐ। ਉਂਝ ਇਹ ਰੋਗ ਨਵਾਂ ਨਹੀਂ, ਪੁਰਾਣਾ ਐ। ਧਿਆਨੀ-ਬੇਧਿਆਨੀ 'ਚ ਬਹੁਤ ਕੁਝ ਲਿਖਿਆ ਗਿਆ ਐ ਤੇ ਲਿਖਿਆ ਜਾ ਰਿਹਾ ਹੈ।

ਉਂਝ ਰਾਜਨੀਤਕ ਪਾਰਟੀਆਂ ਦਾ ਇਹ ਕਲਚਰ ਐ। ਇਹਨਾਂ ਦੇ ਮੇਹਣੇ ਪੇਹਣੇ ਬੀਬੀਆਂ ਦੀਆਂ ਸਿੱਠਣੀਆਂ ਵਰਗੇ ਹੁੰਦੇ ਐ ਕਿ ਆਪਣੀ ਕੁੜੀ ਨੂੰ ਤਿੱਲੇ ਦੀ ਤਾਰ ਦੱਸਣਾ ਤੇ ਬਿਗਾਨੇ ਮੁੰਡੇ ਨੂੰ ਘੁਮਿਆਰ ਦੱਸਣਾ। ਪਰ ਦੂਜੇ ਪਾਸੇ ਆਪਣੇ ਧਰਮ ਸਿਧਾਂਤਾਂ ਨੂੰ ਵਿਅਕਤੀਆਂ ਵਾਂਗ ਭੰਡਣਾ ਕਦੇ ਵੀ ਵਿਦਵਤਾ ਜਾਂ ਖੋਜ ਨਹੀਂ ਹੁੰਦੀ ਕਿਉਂਕਿ ਧਰਮ ਸ਼ਰਧਾ ਤੇ ਦ੍ਰਿੜ੍ਹ ਵਿਸ਼ਵਾਸ ਦੀ ਮੰਗ ਕਰਦਾ ਐ। ਸਿੱਖ ਧਰਮ ਤਰਕਵਾਦੀ ਤੇ ਬਿਬੇਕਵਾਦੀ ਧਰਮ ਐ, ਇਸ ਲਈ ਹਰ ਚੇਤੰਨ ਤੇ ਜਾਗਰਤ ਸਿੱਖ ਬਿਪਰਨਵਾਦ ਦਾ ਤਾਂ ਡਟ ਕੇ ਵਿਰੋਧੀ ਐ, ਪਰ ਦੂਜੇ ਪਾਸੇ ਹਰੇਕ ਸਿੱਖ ਸਿਧਾਂਤ ਨੂੰ ਬਿਪਰਵਾਦ ਦੀ ਐਨਕ ਥਾਣੀ ਵੇਖਣਾ ਵੀ ਸ਼ੱਕੀ, ਨਿਰਾਸ਼ ਤੇ ਡਰੂ ਜਿਹਾ ਹੋਣ ਵਾਲੀ ਗੱਲ ਐ।

ਏਸੇ ਤਰ੍ਹਾਂ ਮੀਰਾਂ (ਮਰਾਸੀਆਂ) ਦਾ ਮੁੰਡਾ ਕਹਿੰਦੇ ਪੰਡਤਾਂ ਦੇ ਮੁੰਡੇ ਨਾਲ ਲੜ ਪਿਆ ਤੇ ਗੁੱਸੇ 'ਚ ਘਰ ਆ ਕੇ ਕਹਿੰਦਾ, 'ਮੈਂ ਆਪਣਾ ਕੋਠਾ ਢਾਅ ਦੇਣਾ ਐ।'

ਮਾਂ ਨੇ ਸਮਝਾਇਆ ਕਿ 'ਪੁੱਤ ਗੱਲ ਕੀ ਐ? ਆਪਾਂ ਰਹਾਂਗੇ ਕਿੱਥੇ? ਆਪਣਾ ਕੀ ਬਣੂੰ?'

ਮੁੰਡਾ ਕਹਿੰਦਾ ਕਿ 'ਇਕ ਗੱਲ ਦੱਸੋ, ਜਦੋਂ ਕੋਠਾ ਲਿੱਪਿਆ ਸੀ ਤਾਂ ਵਿਚ ਗੋਹਾ ਕਿਹਨਾਂ ਦੀ ਗਊ ਦਾ ਪਾਇਆ ਸੀ?'

ਪਿਉ ਕਹਿੰਦਾ, 'ਪੰਡਤਾਂ ਦੀ ਗਊ ਦਾ..।'

ਮੁੰਡਾ ਕਹਿੰਦਾ, 'ਬਸ..ਬਸ ਹੁਣ ਉਹਨਾਂ ਨਾਲ ਆਪਣੀ ਹੋਗੀ ਆ ਲੜਾਈ, ਭਾਵੇਂ ਸਿਆਲਾਂ ਨੂੰ ਸਾਰਾ ਟੱਬਰ ਠੰਢ 'ਚ ਮਰਜੀਏ, ਪਰ ਮੈਂ ਕੋਠਾ ਢਾਹ ਕੇ ਛੱਡਣਾ ਐ।'

ਏਸੇ ਤਰ੍ਹਾਂ ਮੀਰਾਂ ਦੇ ਮੁੰਡੇ ਵਾਂਗ ਸਾਡੇ ਵੀ ਕਈ 'ਵਿਦਵਾਨਾਂ' ਨੂੰ ਭੂਤ ਸਵਾਰ ਹੋ ਗਿਆ ਕਿ ਭਾਵੇਂ ਪੰਥ ਦਾ ਕੋਠਾ ਢਹਿ ਜਾਏ ਪਰ ਵਿਚੋਂ ਪੰਡਤਾਂ ਦੀ ਗਊ ਦਾ ਗੋਹਾ ਕੱਢ ਕੇ ਛੱਡਾਂਗੇ....।

ਕਈ ਵਾਰ ਅਸੀਂ ਗ਼ਲਤਫਹਿਮੀ ਦੇ ਸ਼ਿਕਾਰ ਹੁੰਨੇ ਆਂ, ਜਦੋਂ ਅਰਥਾਂ ਦੇ ਅਨਰਥ ਕਰਨ ਲੱਗ ਜਾਨੇ ਆਂ। ਇਸ ਤਰ੍ਹਾਂ ਤਾਂ ਸਾਡੇ ਸਿਧਾਂਤ, ਪਰੰਪਰਾਵਾਂ, ਬਾਣੀ, ਬਾਣਾ ਸਭ ਕੁਝ ਰੱਦ ਹੋ ਕੇ ਰਹਿ ਜਾਏਗਾ। ਧਰਮ ਵਿਚ ਸ਼ਰਧਾ, ਵਿਸ਼ਵਾਸ, ਗੁਰੂ ਬਖਸ਼ਸ਼ ਦਾ ਮਾਣ ਹੋਣਾ ਵੀ ਜ਼ਰੂਰੀ ਐ। ਸ਼ਰਧਾ ਤੇ ਵਿਸ਼ਵਾਸ ਤੋਂ ਵਿਹੂਣਾ ਗਿਆਨ ਕਈ ਵਾਰੀ ਇਉਂ ਹੁੰਦਾ ਜਿਵੇਂ ਖੇਤੀਬਾੜੀ ਯੂਨੀਵਰਸਿਟੀ ਵਾਲਿਆਂ ਪਹਾੜੀ ਅੱਕ ਨੂੰ ਪਿਉਂਦ ਕਰਕੇ

ਸੇਬ ਦਾ ਬੂਟਾ ਬਣਾਤਾ ਹੋਵੇ। ਉਤੋਂ ਵੇਖਣ ਨੂੰ ਸੇਬ ਚੰਗੇ ਭਲੇ ਤੇ ਥੱਲਿਓਂ ਜੜ੍ਹਾਂ ਕੌੜੀਆਂ ਖੁਸ਼ਕ ਹੁੰਦੀਆਂ। ਇਹਦਾ ਸਿੱਟਾ ਤਾਂ ਸਮਾਂ ਦੱਸਦਾ ਹੁੰਦਾ ਐ।

ਵਿਚਾਰਨ ਵਾਲੀ ਗੱਲ ਇਹ ਐ ਕਿ ਐਸੀਆਂ ਖੋਜਾਂ 'ਚ ਕੋਈ ਉਸਾਰੂ ਸੋਚ ਹੈ? ਕੋਈ ਪੜ੍ਹ ਕੇ ਸਿੱਖੀ 'ਚ ਰੁਕਾਵਟ ਤਾਂ ਨਹੀਂ ਬਣੇਗੀ? ਕੀ ਸਿੱਖ ਆਪਣੇ ਆਪ ਪ੍ਰਤੀ ਸ਼ੱਕੀ ਬਣ ਕੇ ਤਾਂ ਨਹੀਂ ਰਹਿ ਜਾਣਗੇ? ਅੱਜ ਹਰੇਕ ਲੇਖਕ, ਪ੍ਰਚਾਰਕ, ਵਿਦਵਾਨ ਨੂੰ ਭਵਿੱਖਮੁਖੀ ਹੋ ਕੇ ਸੋਚਣ ਦੀ ਲੋੜ ਐ। ਉਹਨਾਂ ਵਿਦਵਾਨਾਂ ਵਾਲੀ ਗੱਲ ਨਾ ਹੋਵੇ ਜੋ ਉਸਤਾਦ ਕੋਲੋਂ.......ਤਿੰਨ ਜਣੇ ਵਿਦਿਆ ਪੜ੍ਹ ਕੇ ਜੰਗਲ ਦੇ ਰਸਤੇ ਆ ਰਹੇ ਸੀ। ਉਹਨਾਂ 'ਚੋਂ ਇਕ ਹੱਡੀ ਸਿਆਣ ਸਕਦਾ ਸੀ ਕਿ ਕਿਸ ਜਾਨਵਰ ਦੀ ਐ, ਦੂਜਾ ਪਿੰਜਰ ਤਿਆਰ ਕਰ ਸਕਦਾ ਸੀ ਤੇ ਤੀਜਾ ਜਾਨ ਪਾ ਸਕਦਾ ਸੀ।

ਪਹਿਲੇ ਨੇ ਵਿਦਿਆ ਨਾਲ ਹੱਡੀ ਸਿਆਣੀ ਕਿ ਸ਼ੇਰ ਦੀ ਐ, ਦੂਜੇ ਨੇ ਉਸਦਾ ਪਿੰਜਰ ਬਣਾਤਾ, ਹੁਣ ਤੀਜਾ ਸਿਆਣਪ ਕਰਦਾ ਕਿ ਵਿਚ ਜਾਨ ਨਾ ਪਾਉਂਦਾ। ਉਹਦੇ ਜਾਨ ਪਾਉਣ ਦੀ ਦੇਰ ਸੀ ਕਿ ਸ਼ੇਰ ਨੇ ਝਪਟ ਕੇ ਤਿੰਨਾਂ ਨੂੰ ਖਾ ਲਿਆ। ਕਈ ਵਾਰੀ ਲੱਗਦਾ ਕਿ ਸ਼ਰਧਾ ਤੋਂ ਵਿਹੂਣੀਆਂ ਲਿਖਤਾਂ ਵੀ ਏਸੇ ਤਰ੍ਹਾਂ ਦਾ ਕਾਰਜ ਹੀ ਕਰਨਗੀਆਂ। ਅਸੀਂ ਅੰਬ ਦੇ ਬੂਟੇ ਦੀ ਰੌਲੀ ਪਾ ਕੇ ਕਿੱਕਰਾਂ ਤਾਂ ਨਹੀਂ ਬੀਜੀ ਜਾਂਦੇ...? ਉਂਞ ਅੰਨ੍ਹੀ ਸ਼ਰਧਾ ਵੀ ਮਾੜੀ ਹੁੰਦੀ ਐ, ਪਰ ਸਿੱਖ ਕੀ ਤੇ ਅੰਨ੍ਹੀ ਸ਼ਰਧਾ ਕੀ?

ਏਸੇ ਤਰ੍ਹਾਂ ਕੁਝ ਕੁ ਸਿੱਖ ਵਿਦਵਾਨ ਅੰਮ੍ਰਿਤ, ਖ਼ਾਲਸਾ ਪੰਥ ਦੀ ਸਿਰਜਣਾ 'ਤੇ, ਪੰਜਾਂ ਕਕਾਰਾਂ 'ਤੇ ਬਹੁਤ ਵਧੀਆ ਸੁੰਦਰ ਲੇਖ, ਪੁਸਤਕਾਂ ਲਿਖਦੇ ਤੇ ਲਿਖ ਰਹੇ ਹਨ, ਪਰ ਦੂਜੇ ਪਾਸੇ ਸਿੱਖ ਹੋਣ ਦੇ ਬਾਵਜੂਦ ਵੀ ਖੁਦ ਅੰਮ੍ਰਿਤ ਛਕਣ ਤੋਂ ਹਿਚਕਚਾਉਂਦੇ ਹਨ। ਇਹ ਤਾਂ ਰੱਬ ਜਾਣੇ ਕਿ ਉਹਨਾਂ ਦੇ ਪੀਣ-ਖਾਣ 'ਚ ਕੋਈ ਰੁਕਾਵਟ ਪੈਂਦੀ ਐ ਜਾਂ ਦਸਮ ਪਿਤਾ ਜੀ ਦੀ ਬਖ਼ਸ਼ਿਸ਼ ਉੱਤੇ ਕੋਈ ਸ਼ੱਕ ਐ? ਉਂਞ ਕੁਝ ਕੁ ਤਾਂ ਆਪਣਾ ਨਾਉਂ ਵੀ 'ਸਿੰਘ' ਤੋਂ ਬਗੈਰ ਅਧੂਰਾ ਹੀ ਲਿਖਦੇ ਹਨ। ਵੈਸੇ ਤਾਂ ਉਹਨਾਂ ਦੀ ਨਿੱਜੀ ਸੋਚ ਐ ਪਰ ਐਸੇ ਸੱਜਣਾਂ ਦੀ ਖੋਜ ਵੀ ਉਵੇਂ ਹੀ ਹੋਏਗੀ ਕਿ 'ਆਪ ਨਾ ਵੱਸੀ ਸਹੁਰੇ, ਹੋਰਨਾਂ ਮੱਤੀਂ ਦੇ।'

ਇਹਨਾਂ ਦੀਆਂ ਲਿਖਤਾਂ ਪੜ੍ਹ ਕੇ ਸੁਹਾਗਣ ਤਾਂ ਕੋਈ ਕਿਸਮਤ ਨਾਲ ਈ ਬਣੂੰ, ਉਂਞ ਦੁਹਾਗਣਾਂ ਬਥੇਰੀਆਂ ਹੋ ਜਾਣਗੀਆਂ। ਵੈਸੇ ਹਰੇਕ ਨੂੰ ਆਪਣੇ ਆਪ ਬਾਰੇ ਪਤਾ ਈ ਹੁੰਦਾ ਕਿ ਮੇਰੀ ਪੀੜ੍ਹੀ ਥੱਲੇ ਸੱਪ ਹੈ ਕਿ ਨਹੀਂ? ਪਰ ਜੇ ਪਰਚਾ ਪਾ ਕੇ ਗੁਰੂ ਕੋਲੋਂ ਹੀ ਪੁੱਛ ਲਈਏ ਤਾਂ ਉਤਰ ਏਹੋ ਈ ਐ:

*ਅਵਰ ਉਪਦੇਸੈ ਆਪ ਨ ਕਰੈ*
*ਆਵਤ ਜਾਵਤ ਜਨਮੈ ਮਰੈ॥*

ਗੱਲਾਂ 'ਚੋਂ ਗੱਲ ਇਹ ਐ ਕਿ ਖ਼ਾਲਸਾ ਪੰਥ ਲਈ ਇਹ ਇਕ ਖ਼ਤਰਨਾਕ ਰੁਝਾਨ ਐ ਕਿ ਅਸੀਂ ਆਪਣੀ ਕੌਮੀ ਸ਼ਕਤੀ ਨੂੰ ਗੁਰਮਤਿ ਦੇ ਪ੍ਰਚਾਰ ਤੇ ਪਾਸਾਰ ਉੱਤੇ ਨਹੀਂ ਲਾ ਰਹੇ ਸਗੋਂ ਇਕ ਦੂਜੇ ਨੂੰ ਛੱਜ 'ਚ ਪਾ ਕੇ ਛੱਟਣ 'ਤੇ ਲਾ ਰਹੇ ਆਂ।

ਕੁੰਢੀਆਂ ਦੇ ਸਿੰਗ ਫਸਦੇ ਈ ਰਹੇ ਆ ਤੇ ਫਸਦੇ ਰਹਿਣੇ ਵੀ ਆਂ, ਵੜੇਵੇਂ ਖਾਣੀਆਂ ਵੀ ਨਿੱਤਰਦੀਆਂ ਰਹੀਆਂ ਤੇ ਨਿੱਤਰਦੀਆਂ ਰਹਿਣਗੀਆਂ, ਹੈ ਵੀ ਸਾਰੀਆਂ ਇਕੋ ਮਾਲਕ ਦੀਆਂ। ਸੋਚਣ ਵਾਲੀ ਗੱਲ ਐ ਕਿ ਸਿੰਗ ਤੇ ਪੂਛਾਂ ਤੁੜਾ ਕੇ ਮਾਲਕ ਨੂੰ ਫਾਇਦਾ ਹੋ ਰਿਹਾ ਜਾਂ ਨੁਕਸਾਨ? ਉਹ ਗੱਲ ਨਾ ਹੋਵੇ ਜਿਵੇਂ ਪੰਜਾਬੀ ਦਾ ਅਖਾਣ ਐ:

'ਕਿਸੇ ਨੇ ਲਿਆਂਦੇ ਤਿੱਤਰੀ ਦੇ ਆਂਡੇ, ਰੱਖਤੇ ਕੁੱਕੜੀ ਹੇਠ, ਨਾ ਤਿੱਤਰੂੰ ਬੋਲਣ ਨਾ ਕੁਕੜੂੰ ਬੋਲਣ ਤਿਰੜ ਤਿਰੜ ਫਿਸ...।'

ਵਿਦਵਤਾ ਤੇ ਵਿਦਵਾਨਾਂ ਦੀ ਪੰਥ ਨੂੰ ਸਦਾ ਈ ਲੋੜ ਐ ਪਰ ਪੰਥ ਲਈ ਖ਼ਤਰਨਾਕ ਐ, 'ਵਿਦਵਤਾ ਦਾ ਭੂਤ।'